PUNJAB STATE TRANSMISSION CORPORATION LIMITED

ਦਫਤਰੀ ਹੁਕਮ ਨੰ: 283 /CS-50 ਮਿਤੀ : 23/11/23.

ਜਿਵੇਂ ਕਿ ਸ੍ਰੀ ਮਨਮੀਤ ਸਿੰਘ, ਪੁੱਤਰ ਸ੍ਰੀ ਅਜਮੇਰ ਸਿੰਘ, ਉ.ਸ਼੍ਰੇ.ਕ (ਕੋਡ ਨੰ. 606088) ਜਨਮਮਿਤੀ 22.09.1986, ਨੂੰ ਦਫਤਰ ਉਪ ਮੁੱਖ ਇੰਜੀ/ਪੀ ਅਤੇ ਐਮ ਹਲਕਾ, ਪੀਐਸਟੀਸੀਐਲ, ਲੁਧਿਆਣਾ ਵਿਖੇ ਤੈਨਾਤੀ ਦੌਰਾਨ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ ਕੁਤਾਹੀਆਂ ਕਰਕੇ ਦੋਸ਼ ਸੂਚੀ ਨੰ. 50 ਮਿਤੀ 22.03.2023 ਜਾਰੀ ਕੀਤੀ ਗਈ ਸੀ:-

"ਜਦੋਂ ਤੁਸੀਂ (ਸ੍ਰੀ ਮਨਮੀਤ ਸਿੰਘ (ਆਈ.ਡੀ-606088) ਉ.ਸ਼੍ਰੇ.ਕ) ਉਪ ਮੁੱਖ ਇੰਜੀ/ਪੀ ਅਤੇ ਐਮ ਹਲਕਾ, ਪੀਐਸਟੀਸੀਐਲ, ਲੁਧਿਆਣਾ ਵਿਖੇ ਬਤੌਰ ਉ.ਸ਼੍ਰੇ.ਕ ਤੈਨਾਤ ਸੀ ਤਾਂ ਤੁਹਾਡੇ ਵਲੋਂ ਆਪਣੀ ਡਿਊਟੀ ਨਿਭਾਉਂਦੇ ਸਮੇਂ ਹੇਠ ਦਰਸਾਈਆਂ ਅਣਗਹਿਲੀਆਂ/ ਕੁਤਾਹੀਆਂ/ਗਲਤੀਆਂ ਕੀਤੀਆਂ ਗਈਆਂ:-

1. ਤੁਹਾਡੇ (ਸ੍ਰੀ ਮਨਮੀਤ ਸਿੰਘ (ਆਈ.ਡੀ-606088) ਉ.ਸ਼੍ਰੇ.ਕ) ਵਲੋਂ ਉਪ ਮੁੱਖ ਇੰਜੀਨੀਅਰ/ਐਚ.ਆਰ ਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ., ਪਟਿਆਲਾ ਜੀ ਦੇ ਦਫਤਰੀ ਹੁਕਮ ਨੰ. 07 ਮਿਤੀ 02 -01-2023 ਰਾਹੀਂ ਹੋਏ ਬਦਲੀ ਦੇ ਹੁਕਮਾਂ ਦੀ ਪਾਲਣਾ ਵਿੱਚ ਮਿਤੀ 16.01.2023 ਨੂੰ ਉਪ ਮੁੱਖ ਇੰਜੀ/ਪੀ ਅਤੇ ਐਮ ਹਲਕਾ, ਪੀਐਸਟੀਸੀਐਲ, ਲੁਧਿਆਣਾ ਦੇ ਦਫਤਰ ਵਿਖੇ ਬਤੌਰ ਉ.ਸ਼ੇ.ਕ. ਜੁਆਇੰਨ ਕੀਤਾ ਪ੍ਰੰਤੂ ਉਸੇ ਦਿਨ ਬਿਨਾਂ ਸੂਚਿਤ ਕੀਤੇ ਅਤੇ ਬਿਨਾਂ ਇਜ਼ਾਜ਼ਤ ਤੋਂ ਦਫਤਰ ਤੋਂ ਚਲੇ ਗਏ ਅਤੇ ਵਾਪਸ ਨਹੀਂ ਆਏ।
2. ਤੁਸੀਂ ਮਿਤੀ 18.01.2023 ਨੂੰ ਉਪਰੋਕਤ ਅਨੁਸਾਰ ਗੈਰ ਹਾਜ਼ਰ ਹੋਣ ਸਬੰਧੀ ਆਪਣਾ ਸਪਸ਼ਟੀਕਰਨ ਲੈਕੇ ਪੀ ਅਤੇ ਐਮ ਹਲਕਾ, ਪੀਐਸਟੀਸੀਐਲ, ਲੁਧਿਆਣਾ ਵਿਖੇ ਗਏ ਅਤੇ ਲਿਖਤੀ ਸਪਸ਼ਟੀਕਰਨ ਦੇਣ ਉਪਰੰਤ ਇੱਕ ਵਾਰ ਫਿਰ ਬਿਨਾਂ ਇਜ਼ਾਜ਼ਤ ਅਤੇ ਸੂਚਿਤ ਕੀਤੇ ਦਫਤਰ ਤੋਂ ਚਲੇ ਗਏ।ਹੁਣ ਤੱਕ (ਮਿਤੀ 15.03.2023 ਤੱਕ) ਨਾ ਹੀ ਡਿਊਟੀ ਤੇ ਹਾਜ਼ਰ ਹੋਏ ਅਤੇ ਨਾ ਹੀ ਗੈਰ ਹਾਜ਼ਰੀ ਦੇ ਕਾਰਨ ਸਬੰਧੀ ਕਿਸੇ ਕਿਸਮ ਦੀ ਸੂਚਨਾ ਦਫਤਰ ਨੂੰ ਦਿੱਤੀ ਗਈ ਹੈ। ਇੱਥੋ ਤੱਕ ਕਿ ਮਿਤੀ 18.1.2023 ਤੋਂ ਹੁਣ ਤੱਕ ਤੁਹਾਨੂੰ ਭੇਜੇ ਗਏ ਕਿਸੇ ਵੀ ਪੱਤਰ ਦਾ ਜਵਾਬ ਦੇਣਾ ਤੁਹਾਡੇ ਵੱਲੋਂ ਮੁਨਾਸਿਬ ਨਹੀਂ ਸਮਝਿਆ ਗਿਆ।
3. ਉਪਰੋਕਤ ਤੋਂ ਸਪਸ਼ਟ ਹੈ ਕਿ ਤੁਸੀਂ ਆਪਣੀ ਡਿਊਟੀ ਪ੍ਰਤੀ ਗੈਰਜਿੰਮੇਵਾਰਾਨਾ ਰਵੱਈਆ ਰੱਖਦੇ ਹੋਏ ਜਾਣਬੁਝ ਕੇ ਡਿਊਟੀ ਤੋਂ ਗੈਰ ਹਾਜ਼ਰ ਹੋਏ, ਜੋਕਿ ਇੱਕ **Grave Misconduct** ਹੈ, ਜਿਸ ਲਈ ਤੁਸੀਂ ਸਿੱਧੇ ਤੌਰ ਤੇ ਖੁਦ ਜਿੰਮੇਵਾਰ ਹੋ।

ਇਸ ਲਈ ਤੁਹਾਡੇ ਵਲੋਂ ਡਿਊਟੀ ਸਮੇਂ ਦੌਰਾਨ ਕੀਤੀਆਂ ਕੁਤਾਹੀਆਂ ਅਣਗਹਿਲੀਆਂ ਦੇ ਮੱਦੇਨਜਰ ਤੁਹਾਡੇ ਵਿਰੁੱਧ ਪੰ.ਰਾ.ਬਿ.ਬੋ ਹੁਣ ਪੀ.ਐਸ.ਟੀ.ਸੀ.ਐਲ. ਕਰਮਚਾਰੀ ਸਜ਼ਾ ' ਤੇ ਅਪੀਲ ਰੈਗੂਲੇਸ਼ਨ-1971 ਦੇ ਵਿਨਿਯਮ 5 ਦੇ (ਕ੍ਰਮ ਨੰ. **V** ਤੋਂ **IX** ਤੱਕ) ਜਿਸਨੂੰ ਧਾਰਾ 8 ਨਾਲ ਪੜ੍ਹਿਆ ਜਾਵੇ ਅਧੀਨ ਅਨੁਸ਼ਾਸਨੀ ਕਾਰਵਾਈ ਲਈ ਆਕਰਸ਼ਿਤ ਕਰਦੀਆਂ ਹਨ।"

ਜਿਵੇਂ ਕਿ ਕਰਮਚਾਰੀ ਦੇ ਰਿਪੋਰਟਿੰਗ ਦਫਤਰ: ਉਪ ਮੁੱਖ ਇੰਜੀ/ਪੀ ਅਤੇ ਐਮ ਹਲਕਾ, ਪੀਐਸਟੀਸੀਐਲ, ਲੁਧਿਆਣਾ ਵਲੋਂ ਆਪਣੇ ਦਫਤਰੀ ਪੱਤਰ ਨੰ. 1659 ਮਿਤੀ 31.03.2023 ਰਾਹੀਂ ਸੂਚਿਤ ਕੀਤਾ ਗਿਆ ਕਿ ਦੋਸ਼ ਸੂਚੀ ਕਰਮਚਾਰੀ ਨੂੰ ਉਸਦੇ ਦਫਤਰੀ ਰਿਕਾਰਡ ਅਨੁਸਾਰ ਉਪਲਬੱਧ ਉਸਦੇ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਹੀਂ ਭੇਜੀ ਗਈ, ਜੋਕਿ ਟਰੇਕਿੰਗ ਰਿਕਾਰਡ ਅਨੁਸਾਰ ਮਿਤੀ 25.03.2023 ਨੂੰ ਉਸਦੇ ਘਰ ਦੇ ਪਤੇ ਤੇ ਡਲੀਵਰ ਹੋ ਗਈ ਸੀ।

ਜਿਵੇਂ ਕਿ ਕਰਮਚਾਰੀ ਦੇ ਰਿਪੋਰਟਿੰਗ ਦਫਤਰ: ਉਪ ਮੁੱਖ ਇੰਜੀ/ਪੀ ਅਤੇ ਐਮ ਹਲਕਾ, ਪੀਐਸਟੀਸੀਐਲ, ਲੁਧਿਆਣਾ ਵਲੋਂ ਆਪਣੇ ਦਫਤਰੀ ਪੱਤਰ ਨੰ. 2095 ਮਿਤੀ 25.04.2023, ਪੱਤਰ ਨੰ. 2449 ਮਿਤੀ 16.05.2023 ਅਤੇ ਪੱਤਰ ਨੰ. 2606 ਮਿਤੀ 24.05.2023 ਰਾਹੀਂ ਤੁਹਾਨੂੰ ਜਾਰੀ ਹੋਈ ਦੋਸ਼ ਸੂਚੀ ਨੰ.50 ਮਿਤੀ 22.3.2023 ਦਾ ਜਵਾਬ ਭੇਜਣ ਲਈ ਲਿਖਿਆ ਗਿਆ ਪ੍ਰੰਤੂ ਤੁਹਾਡੇ ਵੱਲੋਂ ਇਸ ਸਬੰਧੀ ਕੋਈ ਵੀ ਜਵਾਬ ਪ੍ਰਾਪਤ ਨਹੀਂ ਹੋਇਆ।

ਜਿਵੇਂ ਕਿ ਉਪਰੋਕਤ ਅਨੁਸਾਰ ਤੁਹਾਡੇ ਵੱਲੋਂ ਦੋਸ਼ ਸੂਚੀ ਨੰ. 50 ਮਿਤੀ 22.3.2023 ਸਬੰਧੀ ਕੋਈ ਵੀ ਜੁਆਬ ਨਾ ਪ੍ਰਾਪਤ ਹੋਣ ਦੇ ਮੱਦੇਨਜਰ, ਇਸ ਦਫਤਰ ਵਲੋਂ ਪੱਤਰ ਨੰ. 4132/33 ਮਿਤੀ 24.04.2023 ਰਾਹੀਂ ਤੁਹਾਡੇ ਦੇ ਨਿੱਜੀ ਪਤੇ ਤੇ ਰਜਿਸਟਰਡ ਪੱਤਰ ਭੇਜਕੇ ਤੁਹਾਨੂੰ ਦੋਸ਼ ਸੂਚੀ ਦੇ ਸਬੰਧ ਵਿੱਚ ਆਪਣਾ ਜਵਾਬ ਦੇਣ ਦਾ ਇੱਕ ਹੋਰ ਮੌਕਾ ਦਿੱਤਾ ਗਿਆ ਸੀ।

ਜਿਵੇਂ ਕਿ ਦੋਸ਼ ਸੂਚੀ ਪ੍ਰਾਪਤ ਕਰਨ ਉਪਰੰਤ ਇਸ ਦਾ ਜਵਾਬ ਦੇਣ ਲਈ ਨਿਰਧਾਰਤ ਸਮੇਂ ਤੋਂ ਕਾਫੀ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਤੁਹਾਡਾ ਦੋਸ਼ ਸੂਚੀ ਸਬੰਧੀ ਕੋਈ ਵੀ ਜਵਾਬ ਨਾ ਪ੍ਰਾਪਤ ਹੋਣ ਕਰਕੇ ਸਬੰਧਤ ਦਫਤਰ ਵੱਲੋਂ ਬਿਨਾਂ ਤੁਹਾਡੇ ਜਵਾਬ ਤੋਂ ਐਨੋਟੇਟਿਡ ਪ੍ਰੋਫਾਰਮੇ ਉੱਪਰ ਆਪਣੀ ਟਿੱਪਣੀ ਕਰਕੇ ਇਸ ਦਫਤਰ ਨੂੰ ਭੇਜੀ ਗਈ, ਜਿਸ ਉਪਰੰਤ ਦੋਸ਼ ਸੂਚੀ ਨੰ. 50 ਮਿਤੀ 22.03.2023 ਵਿੱਚ ਲੱਗੇ ਦੋਸ਼ਾਂ ਦੀ ਵਿਭਾਗੀ ਪੜਤਾਲ ਲਈ ਇਸ ਦਫਤਰ ਦੇ ਦਫਤਰੀ ਹੁਕਮ ਨੰ. 156 ਮਿਤੀ 08.06.2023 ਰਾਹੀਂ ਵਧੀਕ ਨਿਗਰਾਨ ਇੰਜੀ./ ਪੀਅਤੇ ਐਮ ਮੰਡਲ ਪੀ.ਐਸ.ਟੀ.ਸੀ.ਐਲ., ਢੰਡਾਰੀ ਕਲਾਂ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ।

ਜਿਵੇਂ ਕਿ ਪੜਤਾਲੀਆ ਅਫਸਰ ਵਲੋਂ ਮੀਮੋ ਨੰ. 1062 ਮਿਤੀ 24.08.2023 ਰਾਹੀਂ ਪੜਤਾਲ ਰਿਪੋਰਟ ਇਸ ਦਫਤਰ ਵਿਖੇ ਭੇਜੀ ਗਈ, ਜਿਸ ਵਿੱਚ ਸਿੱਟਾ ਹੇਠ ਲਿਖੇ ਅਨੁਸਾਰ ਹੈ:-

"ਉਪਰੋਕਤ ਸਬੰਧੀ ਮਿਤੀ 15.06.2023 ਨੂੰ ਪੇਸ਼ਕਸ਼ ਅਫਸਰ ਇੰਜੀ ਸੁਖਵੰਤ ਸਿੰਘ ਏਈਈ ਵੱਲੋਂ ਇੰਨਕੁਆਰੀ ਅਫਸਰ ਦੀ ਅਦਾਲਤ ਵਿੱਚ ਮੁਕੰਮਲ ਰਿਕਾਰਡ ਪੇਸ਼ ਕੀਤਾ ਗਿਆ ਅਤੇ ਨਿਮਨ ਹਸਤਾਖਰ ਵਲੋਂ ਸ੍ਰੀ ਮਨਮੀਤ ਸਿੰਘ ਉੱਚ ਸ਼੍ਰੇਣੀ ਕਲਰਕ ਆਈ ਡੀ ਨੰਬਰ 606088) ਪੁੱਤਰ ਸ੍ਰੀ ਅਜਮੇਰ ਸਿੰਘ ਨੂੰ ਉਸਦੇ ਘਰ ਦੇ ਪਤੇ ਉੱਪਰ ਰਜਿਸਟਡ ਪੱਤਰ ਨੰਬਰ 783 ਮਿਤੀ 19.06.2023, ਦੂਸਰਾ ਯਾਦ ਪੱਤਰ 817 ਮਿਤੀ 26.06.2023, ਅਤੇ ਤੀਸਰਾਂ ਤੇ ਆਖਰੀ ਯਾਦ ਪੱਤਰ 862 ਮਿਤੀ 03.07.2023 ਲਿਖ ਕੇ ਇੰਨਕੁਆਰੀ ਅਫਸਰ ਦੇ ਦਫਤਰ ਵਿਖੇ ਹਾਜਰ ਹੋਣ ਲਈ ਲਿਖਿਆ ਗਿਆ।ਪਰੰਤੂ ਡਾਕ ਵਿਭਾਗ ਵੱਲੋਂ ਪਹਿਲਾਂ ਪੱਤਰ ਨੰਬਰ 783 ਮਿਤੀ 19.06.2023 ਇਸ ਦਫਤਰ ਦੇ ਵੱਲੋਂ ਰਜਿਸਟਡ ਕੀਤੇ ਪੱਤਰ ਨੂੰ **Returned refused** ਦੇ ਰਿਮਾਰਕਸ ਦਰਜ ਕਰਦੇ ਹੋਏ ਇਸ ਦਫਤਰ ਨੂੰ ਵਾਪਿਸ ਭੇਜ ਦਿੱਤਾ ਗਿਆ ਅਤੇ ਪੱਤਰ ਨੰਬਰ 817 ਮਿਤੀ 26.06.2023 ਅਤੇ 862 ਮਿਤੀ 03.07.2023 ਮਿਤੀ 07.07.2023 ਨੂੰ ਕਰਮਚਾਰੀ ਦੇ ਘਰ ਵਾਲੇ ਪਤੇ ਉੱਪਰ ਰਸੀਵ ਹੋ ਗਏ ਸਨ ।

ਇਸ ਉਪਰੰਤ ਇੰਨਕੁਆਰੀ ਅਫਸਰ ਵੱਲੋਂ ਮਿਤੀ 19.07.2023 ਨੂੰ ਦੋ ਨੰਬਰ ਅਖਬਾਰਾ ਵਿੱਚ (ਅੰਗਰੇਜੀ ਅਤੇ ਪੰਜਾਬੀ ਵਿੱਚ) ਜਨਤਕ ਸੂਚਨਾ ਵੀ ਜਾਰੀ ਕੀਤੀ ਗਈ,ਜਿਸ ਵਿੱਚ ਸ੍ਰੀ ਮਨਮੀਤ ਸਿੰਘ ਉੱਚ ਸ਼੍ਰੇਣੀ ਕਲਰਕ(ਆਈ ਡੀ ਨੰਬਰ 606088) ਪੁੱਤਰ ਸ੍ਰੀ ਅਜਮੇਰ ਸਿੰਘ ਨੂੰ ਆਖਰੀ ਮੌਕਾ ਦਿੰਦੇ ਹੋਏ ਅਖਬਾਰ ਵਿੱਚ ਜਨਤਕ ਨੋਟਿਸ ਛੱਪਣ ਦੀ ਮਿਤੀ ਤੋਂ 20 ਦਿਨ ਦੇ ਅੰਦਰ ਅੰਦਰ ਇੰਨਕੁਆਰੀ ਅਫਸਰ ਦੀ ਅਦਾਲਤ ਵਿੱਚ ਪੇਸ਼ ਹੋਣ ਸਬੰਧੀ ਲਿਖਿਆ ਗਿਆ।ਪਰੰਤੂ ਮਿਤੀ 08.08.2023 ਤੱਕ (ਨੋਟਿਸ ਛੱਪਣ ਦੀ ਮਿਤੀ ਤੋਂ 20 ਦਿਨ ਬੀਤਣ ਤੱਕ) ਸ੍ਰੀ ਮਨਮੀਤ ਸਿੰਘ ਉੱਚ ਸ਼੍ਰੇਣੀ ਕਲਰਕ(ਆਈ ਡੀ ਨੰਬਰ 606088) ਪੁੱਤਰ ਸ੍ਰੀ ਅਜਮੇਰ ਸਿੰਘ ਇੰਨਕੁਆਰੀ ਅਫਸਰ ਦੀ ਅਦਾਲਤ ਵਿੱਚ ਪੇਸ਼ ਨਹੀ ਹੋਇਆ।

ਇਸ ਤੋਂ ਬਾਅਦ ਇੰਨਕੁਆਰੀ ਅਫਸਰ ਵੱਲੋਂ ਸ੍ਰੀ ਮਨਮੀਤ ਸਿੰਘ ਉੱਚ ਸ਼੍ਰੇਣੀ ਕਲਰਕ ਆਈ ਡੀ ਨੰਬਰ 606088) ਪੁੱਤਰ ਸ੍ਰੀ ਅਜਮੇਰ ਸਿੰਘ ਨੂੰ ਜਾਰੀ ਹੋਈ ਦੋਸ਼ ਸੂਚੀ ਨੰਬਰ 50 ਮਿਤੀ 22.03.2023 ਵਿੱਚ ਦਰਜ ਗਵਾਹ ਇੰਜ.ਅੰਮ੍ਰਿਤਪਾਲ ਸਿੰਘ ਉੱਪ ਮੁੱਖ ਇੰਜੀਨੀਅਰ/ਪੀ ਤੇ ਐਮ ਹਲਕਾ ਲੁਧਿਆਣਾ ਜੀ ਨੂੰ ਪੱਤਰ ਨੰਬਰ 1026 ਮਿਤੀ 10.08.2023 ਰਾਂਹੀ ਇੰਨਕੁਆਰੀ ਅਫਸਰ ਦੇ ਦਫਤਰ ਵਿਖੇ ਪੇਸ਼'ਹੋਕੇ ਬਿਆਨ ਦਰਜ ਕਰਵਾਉਣ ਲਈ ਲਿਖਿਆ ਗਿਆ। ਮਿਤੀ 18.08.2023 ਨੂੰ ਇੰਜੀ. ਅੰਮ੍ਰਿਤਪਾਲ ਸਿੰਘ ਉੱਪ ਮੁੱਖ ਇੰਜੀਨੀਅਰ/ਪੀ ਤੇ ਐਮ ਹਲਕਾ ਲੁਧਿਆਣਾ ਜੀ ਵੱਲੋਂ ਇੰਨਕੁਆਰੀ ਅਫਸਰ ਦੀ ਅਦਾਲਤ ਵਿਖੇ ਪੇਸ਼ ਹੋ ਕੇ ਹੇਠ ਲਿਖੇ ਅਨੁਸਾਰ ਬਿਆਨ ਦਰਜ ਕਰਵਾਏ ਗਏ:

"ਮੈਂ, ਇੰਜ: ਅੰਮ੍ਰਿਤਪਾਲ ਸਿੰਘ ਬਤੌਰ ਉਪ-ਮੁੱਖ ਇੰਜੀਨੀਅਰ/ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ ਲੁਧਿਆਣਾ ਵਿਖੇ ਸੇਵਾ ਨਿਭਾ ਰਿਹਾ ਹਾਂ। ਮੈਂ ਅੱਜ ਮਿਤੀ 18.08.2023 ਨੂੰ ਇੰਕੁਆਰੀ ਅਫਸਰ ਦੇ ਸਨਮੁੱਖ ਪੇਸ਼ ਹੋ ਕੇ ਇਹ ਬਿਆਨ ਦਿੰਦਾ ਹਾਂ ਕਿ ਵਿਸ਼ਾ ਦਰਜ ਇੰਕੁਆਰੀ ਦੇ ਸਬੰਧ ਵਿੱਚ ਸ੍ਰੀ ਮਨਮੀਤ ਸਿੰਘ ਨੂੰ ਜਾਰੀ ਹੋਈ ਚਾਰਜ ਸ਼ੀਟ ਨੰ: 50 ਮਿਤੀ 22.03.2023 ਵਿੱਚ ਦਰਜ ਦੋਸ਼ਾਂ ਨੂੰ ਹੀ ਮੇਰਾ ਬਿਆਨ ਸਮਝਿਆ ਜਾਵੇ। "

ਸ੍ਰੀ ਮਨਮੀਤ ਸਿੰਘ ਉ. ਸ੍ਰੇ. ਕ. ਪੁੱਤਰ ਸ੍ਰੀ ਅਜਮੇਰ ਸਿੰਘ ਨੂੰ ਵਾਰ-ਵਾਰ ਪੱਤਰ ਜਾਰੀ ਕਰਕੇ ਅਤੇ ਅਖਬਾਰ ਵਿੱਚ ਨੋਟਿਸ ਜਾਰੀ ਕਰਕੇ, ਇੰਨਕੁਆਰੀ ਅਫਸਰ ਅੱਗੇ ਪੇਸ਼ ਹੋ ਕੇ ਆਪਣੇ ਬਚਾਅ ਲਈ ਆਪਣਾ ਪੱਖ ਰੱਖਣ ਲਈ ਲਿਖਣ ਉਪਰੰਤ ਵੀ ਕਰਮਚਾਰੀ ਇੰਨਕੁਆਰੀ ਅਫਸਰ ਦੀ ਅਦਾਲਤ ਵਿੱਚ ਪੇਸ਼ ਨਹੀਂ ਹੋਇਆ। ਇਸ ਲਈ ਇੰਨਕੁਆਰੀ ਅਫਸਰ ਇਸ ਨਤੀਜੇ ਤੇ ਪਹੁੰਚਿਆ ਕਿ ਮਨਮੀਤ ਸਿੰਘ ਉ.ਸ਼੍ਰੇ. ਕ. ਪੁੱਤਰ ਸ੍ਰੀ ਅਜਮੇਰ ਸਿੰਘ ਦੋਸ਼ੀ ਹੈ ਅਤੇ ਉਸ ਵਿਰੁੱਧ ਜਾਰੀ ਦੋਸ਼ ਸੂਚੀ 50 ਮਿਤੀ 22.03 2023 ਵਿੱਚ ਲਗਾਏ ਗਏ ਸਾਰੇ ਦੋਸ਼ ਸਹੀ ਸਾਬਤ ਹੁੰਦੇ ਹਨ ।ਜਿਸ ਕਰਕੇ ਉਹ ਮਨਮੀਤ ਸਿੰਘ ਉ. ਸ੍ਰੇ. ਕ. ਪੁੱਤਰ ਸ੍ਰੀ ਅਜਮੇਰ ਸਿੰਘ ਅਤੇ ਪੰਜਾਬ ਰਾਜ ਬਿਜਲੀ ਬੋਰਡ ਹੁਣ ਪੀ ਐਸ ਪੀ ਸੀ ਐਲ ਅਤੇ ਪੀ ਐਸ ਟੀ ਸੀ ਐਲ ਦੇ ਸਜਾ ਅਤੇ ਅਪੀਲ ਰੇਗੂਲੇਸ਼ਨ 1971 ਦੇ ਵਿਨਿਯਮ-5 ਅਧੀਨ V ਤੋਂ IX ਜਿਸਨੂੰ ਧਾਰਾ 8 ਨਾਲ ਪੜ੍ਹਿਆ ਜਾਵੇ, ਅਨੁਸਾਰ ਸਜਾ ਦਾ ਹੱਕਦਾਰ ਹੈ।

ਇੰਨਕੁਆਰੀ ਅਫਸਰ, ਪ੍ਰਾਸੀਕਿਊਸ਼ਨ ਪੱਖ ਵੱਲੋਂ ਪੇਸ਼ ਕੀਤੇ ਗਏ ਸੰਖੇਪ ਸਾਰ, ਗਵਾਹ ਦੇ ਬਿਆਨ ਸਮੇਤ ਰਿਕਾਰਡ ਅਤੇ ਮੁਦਾਲੇ ਨੂੰ ਉਨ੍ਹਾਂ ਦੇ ਦਫਤਰ ਵੱਲੋਂ ਜਾਰੀ ਸੰਮਨਾਂ ਅਤੇ ਅੰਤ ਵਿੱਚ ਜਾਰੀ ਪਬਲਿਕ ਨੋਟਿਸ ਦੇ ਬਾਵਜੂਦ ਪੜ੍ਹਤਾਲ ਵਿੱਚ ਹਿੱਸਾ ਨਾ ਲੈਣ ਦੇ ਮੱਦੇਨਜਰ, ਇਸ ਸਿੱਟੇ ਤੇ ਪਹੁੰਚਿਆ ਕਿ ਮੁਦਾਲਾ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਲਈ ਜਿੰਮਵਾਰ ਬਨਦਾ ਹੈ ਅਤੇ ਦੋਸ਼ ਸੂਚੀ ਵਿੱਚ ਲੱਗੇ ਦੋਸ਼ ਸਿੱਧ ਹੁੰਦੇ ਹਨ।

ਜਿਵੇਂ ਕਿ ਪੜ੍ਹਤਾਲੀਆਂ ਅਫਸਰ ਵੱਲੋਂ ਦਿੱਤੀ ਗਈ ਪੜਤਾਲ ਰਿਪੋਰਟ ਇਸ ਦਫਤਰ ਦੇ ਪੱਤਰ ਨੰ.8737 ਮਿਤੀ 04.09.2023, ਰਜਿਸਟਰਡ ਡਾਕ ਰਾਹੀਂ ਕਰਮਚਾਰੀ ਸ੍ਰੀ ਮਨਮੀਤ ਸਿੰਘ, ਉ.ਸ਼੍ਰੇ.ਕ ਦੇ ਨਿੱਜੀ ਪਤੇ ਉੱਤੇ 30 ਦਿਨਾਂ ਦਾ ਸਮਾਂ ਦਿੰਦੇ ਹੋਏ ਪ੍ਰਤੀਵੇਦਨਾ (**Rebuttal**) ਦੇਣ ਲਈ ਭੇਜੀ ਗਈ ਸੀ। ਜਿਵੇਂ ਕਿ ਮਿਥਿਆ ਸਮਾਂ ਲੰਘਣ ਉਪਰੰਤ ਵੀ ਕਰਮਚਾਰੀ ਵਲੋਂ ਆਪਣੀ ਕੋਈ ਵੀ ਪ੍ਰਤੀਵੇਦਨਾ ਪੇਸ਼ ਨਹੀਂ ਕੀਤੀ ਗਈ।

ਜਿਵੇਂ ਕਿ ਇਸ ਦਫਤਰ ਦੇ ਪੱਤਰ ਨੰ. 10031/32 ਮਿਤੀ 18.10.2023 ਰਾਹੀਂ ਕਰਮਚਾਰੀ ਸ੍ਰੀ ਮਨਮੀਤ ਸਿੰਘ, ਉ.ਸ਼੍ਰੇ.ਕ ਨੂੰ ਸਮਰੱਥ ਅਧਿਕਾਰੀ ਪ੍ਰਮੁੱਖ ਇੰਜੀ/ਪੀ ਅਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਜੀ ਦੇ ਸਨਮੁੱਖ ਮਿਤੀ 25.10.2023 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ। ਇਸ ਦੇ ਨਾਲ-ਨਾਲ ਨਿੱਜੀ ਸੁਣਵਾਈ ਸਬੰਧੀ ਪੱਤਰ ਮਿਤੀ 19.10.2023 ਨੂੰ ਪੀ.ਐਸ.ਟੀ.ਸੀ.ਐਲ. ਦੀ ਵੈੱਬ-ਸਾਈਟ ਤੇ ਅਪਲੋਡ ਵੀ ਕਰ ਦਿੱਤਾ ਗਿਆ ਸੀ ਅਤੇ ਇਸ ਪੱਤਰ ਨੂੰ ਕਰਮਚਾਰੀ ਦੇ ਦਫਤਰੀ ਰਿਕਾਰਡ ਅਨੁਸਾਰ ਉਪਲਬੱਧ ਮੋਬਾਇਲ ਨੰ. 9876200031 ਤੇ ਵਟਸ ਅੱਪ ਰਾਹੀਂ ਵੀ ਭੇਜਿਆ ਗਿਆ ਸੀ,ਪਰੰਤੂ ਕਰਮਚਾਰੀ ਨਿਰਧਾਰਤ ਸਮੇਂ ਤੇ ਨਾ ਹੀ ਹਾਜਰ ਹੋਇਆ ਅਤੇ ਨਾ ਹੀ ਆਪਣਾ ਕੋਈ ਲਿਖਤ ਪੱਖ ਭੇਜਿਆ।

ਜਿਵੇਂ ਕਿ ਕਰਮਚਾਰੀ ਵਿਰੁੱਧ ਦੋਸ਼ ਸੂਚੀ ਨੰ. 50 ਮਿਤੀ 22.03.2023 ਸਬੰਧੀ ਮੁਕੰਮਲ ਕੇਸ ਸਮੇਤ ਸਬੰਧਤ ਰਿਕਾਰਡ, ਵਿਭਾਗੀ ਪੜਤਾਲ ਰਿਪੋਰਟ, ਪਬਲਿਕ ਨੋਟਿਸ ਦੇਣ, ਰਿਬਟਲ ਦਾ ਮੌਕਾ ਦੇਣ, ਨਿੱਜੀ ਸੁਣਵਾਈ ਦਾ ਮੌਕਾ ਦੇਣ ਉਪਰੰਤ ਨਿਮਨਹਸਤਾਖਰ ਵਲੋਂ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਜਾਂਦਾ ਹੈ:-

" ਸ੍ਰੀ ਮਨਮੀਤ ਸਿੰਘ, ਸਪੁੱਤਰ ਸ੍ਰੀ ਅਜਮੇਰ ਸਿੰਘ, ਉ.ਸ਼੍ਰੇ.ਕ (ਕੋਡ ਨੰ. 606088) ਜਨਮਮਿਤੀ 22.09.1986 ਦੀ ਬਦਲੀ/ ਤੈਨਾਤੀ ਉਪ ਮੁੱਖ ਇੰਜੀ/ਐਚ ਆਰ ਤੇ ਪ੍ਰਬੰਧਕੀ ਪੀ.ਐਸ.ਟੀ.ਸੀ.ਐਲ. ਪਟਿਆਲਾ ਜੀ ਦੇ ਦਫਤਰੀ ਹੁਕਮ ਨੰ. 07 ਮਿਤੀ 02.01.2023 ਰਾਹੀਂ ਕੀਤੀ ਗਈ ਸੀ। ਕਰਮਚਾਰੀ ਸ੍ਰੀ ਮਨਮੀਤ ਸਿੰਘ ਵਲੋਂ ਮਿਤੀ 16.01.2023 ਨੂੰ ਜੁਆਇੰਨ ਕਰਨ ਤੋਂ ਬਾਅਦ ਮਿਤੀ 18.01.2023 ਤੋਂ ਲਗਾਤਾਰ ਆਪਣੀ ਡਿਊਟੀ ਤੋਂ **willfull** ਗੈਰਹਾਜਰ ਹੋਣ ਦੇ ਦੋਸ਼ਾਂ/ ਕੁਤਾਹੀਆਂ ਕਾਰਨ ਪ੍ਰਮੁੱਖ ਇੰਜੀ./ਪੀ ਅਤੇ ਐਮ, ਪੀ.ਐਸ.ਟੀ.ਸੀ.ਐਲ. ਜੀ ਦੀ ਪ੍ਰਵਾਨਗੀ ਨਾਲ ਸ੍ਰੀ ਮਨਮੀਤ ਸਿੰਘ ਵਿਰੁੱਧ ਪੀ.ਐਸ.ਟੀ.ਸੀ.ਐਲ. ਦੇ ਸਜ਼ਾ ਅਤੇ ਅਪੀਲ ਵਿਨਿਯਮ 1971 ਦੀ ਵਿਨਿਯਮ-5 ਅਧੀਨ **V** ਤੋਂ **IX** ਜਿਸਨੂੰ ਧਾਰਾ 8 - **'Major Penalties'** ਅਧੀਨ ਅਨੁਸ਼ਾਸ਼ਨੀ ਕਾਰਵਾਈ ਕਰਨ ਹਿੱਤ ਦੋਸ਼ ਸੂਚੀ ਨੰ. 50 ਮਿਤੀ 22.03.2023 ਜਾਰੀ ਕੀਤੀ ਗਈ। ਕਰਮਚਾਰੀ ਵੱਲੋਂ ਦੋਸ਼ ਸੂਚੀ ਦੇ ਸਬੰਧ ਵਿੱਚ ਇਸਦਾ ਕੋਈ ਜਵਾਬ ਨਹੀਂ ਦਿਤਾ ਗਿਆ।

ਕਰਮਚਾਰੀ ਦੀ ਦੋਸ਼ ਸੂਚੀ ਦਾ ਫੈਸਲਾ ਕਰਨ ਤੋਂ ਪਹਿਲਾਂ ਕੇਸ ਦੀ ਵਿਭਾਗੀ ਪੜਤਾਲ ਵਧੀਕ ਨਿਗਰਾਨ ਇੰਜੀ/ਪੀ ਅਤੇ ਐਮ ਮੰਡਲ, ਢੰਡਾਰੀ ਕਲਾਂ ਤੋਂ ਕਰਵਾਈ ਗਈ। ਵਿਭਾਗੀ ਪੜਤਾਲ ਅਨੁਸਾਰ ਕਰਮਚਾਰੀ ਨੂੰ ਵਾਰ ਵਾਰ ਸੰਮਨ ਪੱਤਰ ਭੇਜਕੇ ਅਤੇ ਅਖਬਾਰਾਂ ਦੇ ਮਾਧਿਅਮ ਰਾਹੀਂ ਪੜਤਾਲ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਪਰੰਤੂ ਕਰਮਚਾਰੀ ਕਦੇ ਵੀ ਵਿਭਾਗੀ ਪੜਤਾਲ ਵਿੱਚ ਸ਼ਾਮਲ ਨਹੀਂ ਹੋਇਆ। ਪੜ੍ਹਤਾਲੀਆ ਅਫਸਰ, ਪ੍ਰਾਸੀਕਿਊਸ਼ਨ ਪੱਖ ਵੱਲੋਂ ਪੇਸ਼ ਕੀਤੇ ਸੰਖੇਪ ਸਾਰ, ਗਵਾਹ ਦੇ ਬਿਆਨ ਸਮੇਤ ਰਿਕਾਰਡ ਅਤੇ ਮੁਦਾਲੇ ਨੂੰ ਉਨ੍ਹਾਂ ਵੱਲੋਂ ਜਾਰੀ ਸੰਮਨਾਂ ਅਤੇ ਅੰਤ ਵਿੱਚ ਜਾਰੀ ਪਬਲਿਕ ਨੋਟਿਸ ਦੇ ਬਾਵਜੂਦ ਪੜ੍ਹਤਾਲ ਵਿੱਚ ਹਿੱਸਾ ਨਾ ਲੈਣ ਦੇ ਮੱਦੇਨਜਰ, ਇਸ ਸਿੱਟੇ ਤੇ ਪਹੁੰਚੇ ਕਿ ਮੁਦਾਲਾ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਲਈ ਜਿੰਮਵਾਰ ਬਨਦਾ ਹੈ ਅਤੇ ਦੋਸ਼ ਸੂਚੀ ਵਿੱਚ ਲੱਗੇ ਦੋਸ਼ ਸਿੱਧ ਹੁੰਦੇ ਹਨ।

ਕਰਮਚਾਰੀ ਨੂੰ ਪੜ੍ਹਤਾਲ ਰਿਪੋਰਟ ਦੇ ਸਬੰਧ ਵਿੱਚ ਪ੍ਰਤੀਵੇਦਨਾ (ਰਿਬੱਟਲ) ਦੇਣ ਲਈ ਰਜਿਸਟਰਡ ਪੱਤਰ ਨੰ. 8737 ਮਿਤੀ 04.09.2023 ਰਾਹੀਂ ਕਰਮਚਾਰੀ ਦੇ ਨਿੱਜੀ ਘਰ ਦੇ ਪਤੇ ਤੇ ਲਿਖਿਆ ਗਿਆ ਸੀ,ਪ੍ਰੰਤੂ ਕਰਮਚਾਰੀ ਵੱਲੋਂ ਕੋਈ ਪ੍ਰਤੀਵੇਦਨਾ ਨਹੀਂ ਦਿਤੀ ਗਈ।

ਇਸ ਕੇਸ ਨੂੰ ਵਾਚਣ/ ਘੋਖਣ ਉਪਰੰਤ ਕੁਦਰਤੀ ਨਿਆਂ ਦੇ ਸਿਧਾਂਤਾਂ/ਨਿਯਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦੋਸ਼ ਸੂਚੀ ਦਾ ਫੈਸਲਾ ਕਰਨ ਤੋਂ ਪਹਿਲਾਂ ਇਸ ਦਫਤਰ ਦੇ ਪੱਤਰ ਨੰ. 10031/32 ਮਿਤੀ 18.10.2023 ਰਾਹੀਂ ਨਿਮਨ-ਹਸਤਾਖਰ ਦੇ ਸਨਮੁੱਖ ਮਿਤੀ 25.10.2023 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਅਤੇ ਇਸ ਪੱਤਰ ਨੂੰ ਕਰਮਚਾਰੀ ਦੇ ਦਫਤਰੀ ਰਿਕਾਰਡ ਅਨੁਸਾਰ ਉਪਲਬੱਧ ਮੋਬਾਇਲ ਨੰ. 9876200031 ਤੇ ਵਟਸ ਅੱਪ ਰਾਹੀਂ ਵੀ ਭੇਜਿਆ ਗਿਆ ਸੀ, ਪਰੰਤੂ ਕਰਮਚਾਰੀ ਵਲੋਂ ਨਿਰਧਾਰਤ ਸਮੇਂ ਤੇ ਨਿਮਨ-ਹਸਤਾਖਰ ਦੇ ਚੈਂਬਰ ਵਿਖੇ ਆਪਣਾ ਪੱਖ ਰੱਖਣ ਲਈ ਨਾ ਖੁਦ ਪੇਸ਼ ਹੋਇਆ ਅਤੇ ਨਾ ਹੀ ਉਸ ਵਲੋਂ ਆਪਣੇ ਦੇ ਲਗਾਏ ਗਏ ਦੋਸ਼ਾਂ ਪ੍ਰਤੀ ਕੋਈ ਸਪਸ਼ਟੀਕਰਨ ਭੇਜਿਆ ਗਿਆ। ਜਿਸ ਤੋਂ ਨਿਮਨਹਸਤਾਖਰ ਨੂੰ ਇਹ ਪੱਕੇ ਤੌਰ ਤੇ ਯਕੀਨ ਹੋ ਗਿਆ ਹੈ ਕਿ ਸ੍ਰੀ ਮਨਮੀਤ ਸਿੰਘ, ਉ.ਸ਼੍ਰੇ.ਕ ਆਪਣੀ ਡਿਊਟੀ ਤੋਂ ਜਾਣਬੁੱਝ ਕੇ ਗੈਰ ਹਾਜਰ ਹੋਇਆ ਹੈ ਅਤੇ ਇੰਨਕੁਆਰੀ ਅਫਸਰ ਅਤੇ ਉਪ ਮੁੱਖ ਇੰਜੀਨੀਅਰ, ਪੀ ਤੇ ਐਮ ਹਲਕਾ, ਲੁਧਿਆਣਾ ਵਲੋਂ ਭੇਜੇ ਗਏ ਪੱਤਰਾਂ ਦਾ ਉਸ ਵੱਲੋਂ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ, ਜਿਸ ਤੋਂ ਇਹ ਜਾਹਰ ਹੁੰਦਾ ਹੈ ਕਿ ਕਰਮਚਾਰੀ ਦੀ ਪੀ.ਐਸ.ਟੀ.ਸੀ.ਐਲ. ਦੀਆ ਸੇਵਾਵਾਂ ਵਿੱਚ ਹੁਣ ਕੋਈ ਰੁਚੀ ਨਹੀਂ ਹੈ।

ਉਪਰੋਕਤ ਦਰਸਾਈ ਸਥਿਤੀ ਤੋਂ ਨਿਮਨਹਸਤਾਖਰ ਇਸ ਸਿੱਟੇ ਤੇ ਪਹੁੰਚਿਆ ਹੈ ਕਿ ਕਰਮਚਾਰੀ ਮਹਿਕਮੇ ਦੇ ਨਿਯਮਾਂ ਅਨੁਸਾਰ ਬਦਲੀ ਉਪਰੰਤ ਮਿਤੀ 16.01.2023 ਨੂੰ ਜੁਆਇੰਨ ਕਰਨ ਤੋਂ ਬਾਅਦ ਮਿਤੀ 18.01.2023 ਤੋਂ ਆਪਣੇ ਤੈਨਾਤੀ ਸਟੇਸ਼ਨ ਤੇ ਹਾਜਰ ਨਾ ਹੋਣ ਲਈ ਪੂਰੀ ਤਰਾਂ ਜਿੰਮੇਵਾਰ ਹੈ ਅਤੇ ਡਿਊਟੀ ਤੋਂ ਲਗਾਤਾਰ ਗੈਰ ਹਾਜਰ ਰਹਿਣ ਕਾਰਨ ਉਸ ਉਪਰ ਦੋਸ਼ ਸੂਚੀ ਵਿੱਚ ਲਗਾਏ ਦੋਸ਼ ਸਿੱਧ ਹੁੰਦੇ ਹਨ, ਜਿਸ ਲ਼ਈ ਸ੍ਰੀ ਮਨਮੀਤ ਸਿੰਘ, ਸਪੁੱਤਰ ਸ੍ਰੀ ਅਜਮੇਰ ਸਿੰਘ, ਉ.ਸ਼੍ਰੇ.ਕ (ਕੋਡ ਨੰ. 606088) ਜਨਮਮਿਤੀ 22.09.1986 ਵਿਰੁੱਧ ਪੀ.ਐਸ.ਟੀ.ਸੀ.ਐਲ. ਵਲੋ ਸਾਰੀ ਵਿਭਾਗੀ (**departmental**) ਕਾਰਵਾਈ ਕਰਨ ਉਪਰੰਤ ਵੀ ਲਗਭਗ ਨੌ ਮਹੀਨੇ ਤੋਂ ਵੱਧ ਦੇ ਸਮੇਂ ਤੋਂ ਡਿਊਟੀ ਤੇ ਹਾਜਰ ਨਾ ਹੋਣ ਕਾਰਨ ਕਰਮਚਾਰੀ ਵਿਰੁੱਧ ਇਕਤਰਫਾ ਕਾਰਵਾਈ ਕਰਦੇ ਹੋਏ ਪੀ.ਐਸ.ਟੀ.ਸੀ.ਐਲ. ਦੀਆਂ ਸੇਵਾਵਾਂ ਤੋਂ ਬਰਤਰਫ ਕਰਨ (**removal from Service**) ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਰਹਿ ਜਾਂਦਾ। ਇਸ ਲਈ ਮੈਂ, ਇੰਜ. ਸਿਮਰਜੀਤ ਕੌਰ, ਪ੍ਰਮੁੱਖ ਇੰਜੀ/ਪੀ ਅਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ, ਸਜ਼ਾ ਅਧਿਕਾਰੀ ਹੋਣ ਦੇ ਨਾਤੇ ਸ੍ਰੀ ਮਨਮੀਤ ਸਿੰਘ, ਉ.ਸ਼੍ਰੇ.ਕ ਆਈ ਡੀ ਨੰ.606088, ਨੂੰ ਵਿਸ਼ਾ ਚਰਚਿਤ ਦੋਸ਼ ਸੂਚੀ ਵਿੱਚ ਦਰਸਾਏ ਗਏ ਦੋਸ਼ਾਂ ਲਈ ਜਿੰਮੇਵਾਰ ਮੰਨਦੇ ਹੋਏ ਕਰਮਚਾਰੀ ਸਜ਼ਾ ਅਤੇ ਅਪੀਲ ਰੇਗੂਲੇਸ਼ਨ, 1971 ਵਿਨਿਯਮ-5 ਅਧੀਨ V ਤੋਂ IX ਜਿਸਨੂੰ ਧਾਰਾ 8ਨਾਲ ਪੜਿਆ ਜਾਵੇ, ਅਧੀਨ ਸ੍ਰੀ ਮਨਮੀਤ ਸਿੰਘ, ਉ.ਸ਼੍ਰੇ.ਕ ਆਈ ਡੀ ਨੰ.606088 ਨੂੰ ਮਹਿਕਮੇ ਦੀਆਂ ਸੇਵਾਵਾਂ ਤੋਂ ਉਸ ਦੇ ਗੈਰ ਹਾਜਰ ਹੋਣ ਦੀ ਮਿਤੀ ਭਾਵ ਮਿਤੀ 18.01.2023 ਤੋਂ ਬਰਤਰਫ ਕਰਨ (**Removal from service**) ਦੀ ਪ੍ਰਵਾਨਗੀ ਦਿੰਦੀ ਹਾਂ।"

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸ੍ਰੀ ਮਨਮੀਤ ਸਿੰਘ, ਉ.ਸ਼੍ਰੇ.ਕ ਆਈ ਡੀ ਨੰ.606088 ਦੀਆਂ ਸੇਵਾਵਾਂ ਉਸ ਦੇ ਗੈਰ ਹਾਜਰ ਹੋਣ ਦੀ ਮਿਤੀ ਅਰਥਾਤ 18.01.2023 ਸਜਾ ਅਤੇ ਅਪੀਲ ਰੇਗੂਲੇਸ਼ਨ, 1971 ਦੇ ਵਿਨਿਯਮ-5 ਅਧੀਨ V ਤੋਂ IX ਜਿਸਨੂੰ ਧਾਰਾ 8 ਨਾਲ ਪੜਿਆ ਜਾਵੇ ਅਧੀਨ ਪੀ.ਐਸ.ਟੀ.ਸੀ.ਐਲ. ਦੀਆਂ ਸੇਵਾਵਾਂ ਤੋਂ ਬਰਤਰਫ (**Removal from Services**) ਕੀਤੀਆਂ ਜਾਂਦੀਆਂ ਹਨ। ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| 1. | ਨਾਮ: | ਸ੍ਰੀ ਮਨਮੀਤ ਸਿੰਘ,ਉ.ਸ਼੍ਰੇ.ਕ |
| 2. | ਆਈ ਡੀ ਨੰ. | 606088 |
| 3. | ਪਿਤਾ ਦਾ ਨਾਮ: | ਸ੍ਰੀ ਅਜਮੇਰ ਸਿੰਘ |
| 4. | ਜਨਮਮਿਤੀ: | 22.09.1986 |
| 5. | ਰਿਟਾਇਰ ਹੋਣ ਦੀ ਮਿਤੀ: | 30.09.2044 |
| 6. | ਪੀ.ਐਸ.ਟੀ.ਸੀ.ਐਲ. ਵਿੱਚ ਜੁਆਇੰਨ ਕਰਨ ਦੀ ਮਿਤੀ: | 21.04.2016 |

(ਇੰਜ. ਸਿਮਰਜੀਤ ਕੌਰ)
ਪ੍ਰਮੁੱਖ ਇੰਜੀ/ਪੀ ਅਤੇ ਐਮ
ਪੀਐਸਟੀਸੀਐਲ, ਲੁਧਿਆਣਾ।

ਪਿਠਅੰਕਣ ਨੰ. 10883/91 ਮਿਤੀ 23/11/23

ਉਪਰੋਕਤ ਦਾ ਉਤਾਰਾ ਹੇਠ ਲਿਖੇ ਦਫਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਉਪ ਮੁੱਖ ਇੰਜੀ/ਪੀ ਅਤੇ ਐਮ ਹਲਕਾ,ਪੀਐਸਟੀਸੀਐਲ, ਲੁਧਿਆਣਾ ਜੀ ਦੇ ਦਫਤਰ ਨੂੰ 1 ਨੰ. ਵਾਧੂ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸ੍ਰੀ ਮਨਮੀਤ ਸਿੰਘ, ਉ.ਸ਼੍ਰੇ.ਕ ਆਈ ਡੀ ਨੰ.606088 ਨੂੰ ਵਾਧੂ ਕਾਪੀ ਸੌਂਪ ਕੇ ਉਸਦੀ ਪ੍ਰਾਪਤੀ ਰਸੀਦ ਪ੍ਰਤੀ ਹਸਤਾਖਰ ਕਰਕੇ ਇਸ ਦਫਤਰ ਨੂੰ ਤੁਰੰਤ ਭੇਜਣੀ ਯਕੀਨੀ ਬਣਾਈ ਜਾਵੇ ਜੀ।
2. ਉਪ ਮੁੱਖ ਇੰਜੀ/ਐਚ ਆਰ ਤੇ ਪ੍ਰਬੰਧਕੀ, ਪੀਐਸਟੀਸੀਐਲ, ਪਟਿਆਲਾ।
3. ਵਧੀਕ ਨਿਗਰਾਨ ਇੰਜੀ/ਟ੍ਰੇਨਿੰਗ ਸੈੱਲ(ਪੀ ਅਤੇ ਆਰ), ਪੀਐਸਟੀਸੀਐਲ, ਪਟਿਆਲਾ।
4. ਵਧੀਕ ਨਿਗਰਾਨ ਇੰਜੀ./ਪੀ ਅਤੇ ਐਮ ਮੰਡਲ, ਪੀਐਸਟੀਸੀਐਲ, ਢੰਡਾਰੀ ਕਲਾਂ।
5. ਉਪ ਸਕੱਤਰ/ਅਮਲਾ(ਭਰਤੀ), ਪੀਐਸਟੀਸੀਐਲ, ਪਟਿਆਲਾ।
6. ਸੀਨੀ.ਕਾ.ਕਾ.ਇੰਜੀ/ਪ੍ਰਸੋਨਲ, ਪੀਐਸਟੀਸੀਐਲ, ਪਟਿਆਲਾ।
7. ਲੇਖਾ ਅਫਸਰ/ਕੈਸ਼, ਪੀਐਸਟੀਸੀਐਲ, ਪਟਿਆਲਾ।
8. ਲ਼ਾਅ ਅਫਸਰ/ਗ੍ਰੇਡ-1, ਪੀਐਸਟੀਸੀਐਲ, ਪਟਿਆਲਾ।
9. ਸ੍ਰੀ ਮਨਮੀਤ ਸਿੰਘ ਪੁੱਤਰ ਸ੍ਰੀ ਅਜਮੇਰ ਸਿੰਘ ,(ਉ.ਸ਼੍ਰੇ.ਕ),ਆਈ.ਡੀ.ਨੰ: 606088, ਝਾਲੂਰ ਰੋਡ, ਸੰਘੇੜਾ, ਬਰਨਾਲਾ 148101 (**ਰਜਿਸਟਰਡ ਡਾਕ ਰਾਹੀਂ**)।

10892/85
23/11/23.

ਸੀਨੀ.ਕਾ.ਕਾ.ਇੰਜੀ/ਵ ਤੇ ਪ੍ਰ.
ਦਫ:ਪ੍ਰਮੁੱਖ ਇੰਜੀ/ਪੀ ਅਤੇ ਐਮ
ਪੀਐਸਟੀਸੀਐਲ, ਲੁਧਿਆਣਾ।

ਸੀਸੀ.

1. ਸੀਨੀ.ਨਿੱਜੀ ਸਕੱਤਰ ਟੂ ਸੀਐਮਡੀ, ਪੀਐਸਟੀਸੀਐਲ, ਪਟਿਆਲਾ ਜੀ।
2. ਸੀਨੀ.ਨਿੱਜੀ ਸਕੱਤਰ ਟੂ ਨਿਰਦੇਸ਼ਕ/ਪ੍ਰਬੰਧਕੀ, ਪੀਐਸਟੀਸੀਐਲ, ਪਟਿਆਲਾ ਜੀ।
3. ਸੀਨੀ.ਨਿੱਜੀ ਸਕੱਤਰ ਟੂ ਨਿਰਦੇਸ਼ਕ/ਤਕਨੀਕੀ, ਪੀਐਸਟੀਸੀਐਲ, ਪਟਿਆਲਾ ਜੀ।
4. ਨਿੱਜੀ ਸਕੱਤਰ ਟੂ ਪ੍ਰਮੁੱਖ ਇੰਜੀ/ਐਚ.ਆਈ.ਐਸ ਤੇ ਡੀ, ਪੀਐਸਟੀਸੀਐਲ, ਪਟਿਆਲਾ ਜੀ।